ਗੁਰੂਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮਡ ਹਿੱਲ ਨਿਊਯਾਰਕ ਵਿਖੇ ਟਰਾਈ ਸਟੇਟ ਦੀਆਂ ਗੁਰੂਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵਲੋਂ ਪਾਸ ਕੀਤੇ ਮਤੇ

14 dec2009 New York

ਅੱਜ ਮਿਤੀ 12/12/09 ਨੂੰ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ, ਰਿੱਚਮੰਡ ਹਿੱਲ ਨਿਊਯਾਰਕ ਵਿਖੇ ਟਰਾਈ ਸਟੇਟ ਦੀਆਂ ਸਮੂੰਹ ਪੰਥਕ ਜਥੇਬੰਦੀਆ, ਪੰਥਕ ਸੋਸਾਇਟੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਦੀ ਭਰਵੀਂ ਇਕੱਤਰਤਾ ਹੋਈ। ਜਿਸ ਵਿੱਚ ਪੰਜਾਬ ਅੰਦਰ 2 ਵਾਪਰੀਆਂ ਮੁੱਖ ਘਟਨਾਵਾਂ ਸਬੰਧੀ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਗਈਆਂ। ਸਭ ਤੋਂ ਪਹਿਲਾਂ ਲੁਧਿਆਣੇ ਵਿੱਚ ਆਸ਼ੂਤੋਸ਼ ਦੇ ਸਮਾਗਮ ਨੂੰ ਬੰਦ ਕਰਾਉਣ ਲਈ ਜੋ ਪੰਥਕ ਜਥੇਬੰਦੀਆਂ ਵੱਲੋਂ ਅਖੌਤੀ ਦਲ ਬਾਦਲ ਅਤੇ ਭਾਜਪਾ ਨੂੰ ਆਸ਼ੂਤੋਸ਼ ਦਾ ਸਮਾਗਮ ਬੰਦ ਕਰਾਉਣ ਦਾ ਸੱਦਾ ਦਿੱਤਾ ਸੀ। ਪਰੰਤੂ ਸਰਕਾਰ ਵੱਲੋਂ ਜਾਣਬੁੱਝ ਕੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰਨ ਵਾਲੀ ਕਾਰਵਾਈ ਕਰਦੇ ਹੋਏ ਆਸ਼ੂਤੋਸ਼ ਦੇ ਕੂੜ ਦੇ ਪ੍ਰਚਾਰ ਕਰਨ ਨੂੰ ਇਜ਼ਾਜਤ ਦੇ ਦਿੱਤੀ ਗਈ । ਜਿਸ ਨੂੰ ਰੋਕਣ ਲਈ ਪੰਥਕ ਜਥੇਬੰਦੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਵੱਲੋਂ ਸ਼ਾਂਤ ਮਈ ਢੰਗ ਨਾਲ ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਕੂੜ ਦੇ ਪ੍ਰਚਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਪੰਜਾਬ ਸਰਕਾਰ ਨੇ ਨਿਹੱਥੀ ਸੰਗਤ ਉਤੇ ਗੋਲੀਆਂ ਦਾ ਅੰਨ੍ਹੇਵਾਹ ਮੀਂਹ ਵਰ੍ਹਾ ਦਿੱਤਾ, ਜਿਸ ਨਾਲ ਇੱਕ ਸਿੰਘ ਸ਼ਹੀਦ ਦਾ ਜ਼ਾਮ ਪੀ ਗਿਆ ਅਤੇ ਦਰਜ਼ਨਾਂ ਹੀ ਫੱਟੜ ਹੋ ਗਏ।ਉਸੇ ਦਿਨ ਹੀ 5 ਦਸੰਬਰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇੱਕ “ਕਲਿੱਪ” ਜੋ ਕਿ ਤਰੋੜ ਮਰੋੜ ਕੇ 30 ਸੈਕਿੰਡ ਦਾ “ਜੱਸ ਪੰਜਾਬੀ” ਟੀ.ਵੀ. ਉਤੇ ਦਿਖਾਇਆ ਗਿਆ ਸੀ ਉਸੇ ਸਬੰਧ ਵਿੱਚ ਸਪੱਸ਼ਟੀਕਰਨ ਦੇਣ ਲਈ ਬੁਲਾਇਆ ਗਿਆ ਸੀ। ਪ੍ਰੋਫੈਸਰ ਸਾਹਿਬ ਨੇ ਆਪਣਾ ਸਪੱਸ਼ਟੀਕਰਨ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਗਤਾਂ ਦੇ ਸਾਹਮਣੇ ਦੇਣਾ ਚਾਹਿਆ ਪਰੰਤੂ ਇਹਨਾਂ ਜਥੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਿੱਧਾਂਤਾਂ ਦੀ ਉਲੰਘਣਾ ਕਰਕੇ ਬੰਦ ਕਮਰੇ ਵਿੱਚ ਹੀ ਸਪੱਸ਼ਟੀਕਰਨ ਲੈਣਾ ਚਾਹਿਆ। ਪਰ ਪ੍ਰੋਫੈਸਰ ਸਾਹਿਬ ਸੰਗਤਾਂ ਨੂੰ ਹਨੇਰੇ ਵਿੱਚ ਰੱਖਣਾ ਨਹੀਂ ਸਨ ਚਾਹੁੰਦੇ ਇਸ ਲਈ ਸਵੀਕਾਰ ਨਹੀਂ ਕੀਤਾ, ਜੋ ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸਾਏ ਸਿੱਧਾਂਤਾਂ ਦੀ ਘੋਰ ਉਲੰਘਣਾ ਸੀ।

ਉਪਰੋਕਤ ਦੋਵੇਂ ਘਟਨਾਵਾਂ ਦੀਆਂ ਜ਼ਿੰਮੇਵਾਰ ਬਾਦਲ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖਤਾਂ ਦੇ ਜਥੇਦਾਰਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਹੇਠ ਲਿਖੇ ਮਤੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨ ਕੀਤੇ ਗਏ:

1. ਲੁਧਿਆਣਾ ਕਾਂਡ ਦੌਰਾਨ ਸ਼ਹੀਦ ਹੋਏ ਸਿੰਘ ਭਾਈ ਦਰਸ਼ਨ ਸਿੰਘ ਲੋਹਾਰਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਜਖਮੀ ਸਿੰਘਾਂ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਗਈ ਅਤੇ ਮਾਲੀ ਮੱਦਦ ਕਰਨ ਦਾ ਐਲਾਨ ਕੀਤਾ ਗਿਆ।
2. ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬਾਦਲ) ਦੇ ਮੈਂਬਰਾਂ ਦਾ ਮੁਕੰਮਲ ਬਾਈਕਾਟ ਕੀਤਾ ਗਿਆ। ਇਹ ਨਾਅਰਾ ਬਲੁੰਦ ਕੀਤਾ ਗਿਆ “ਬਾਦਲ ਭਜਾਓ – ਪੰਥ ਬਚਾਓ”
3. ਜਥੇਦਾਰਾਂ ਨੂੰ ਜੱਸ ਪੰਜਾਬੀ ਟੀਵੀ ਦੇ ਹੋਸਟਾਂ ਲਾਂਬਾ, ਰਿਆੜ ਅਤੇ ਭੰਵਰਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਨ ਦੀ ਅਪੀਲ ਕੀਤੀ ।
4. ਪ੍ਰੋਫੈਸਰ ਸਾਹਿਬ ਨੂੰ ਜਥੇਦਾਰਾਂ ਵਲੋਂ “ਸਪੱਸ਼ਟੀਕਰਨ” ਸੁਣਨ ਤੋਂ ਬਿਨਾਂ ਹੀ “ਤਨਖਾਹੀਆ” ਕਰਾਰ ਦੇਣ ਦੀ ਕੋਝੀ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੱਤਾ।
5. ਸਾਬਕਾ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਸਵਿੰਦਰ ਸਿੰਘ ਨੇ ਸੈਕਰਾਮੈਂਟੋ ਵਿਖੇ ਲਾਂਬੇ ਦੀ ਹਾਜਰੀ ਵਿੱਚ 23 ਫਰਵਰੀ, 2008 ਵਿੱਚ ਹੋਏ ਸਮਾਗਮ ਦੌਰਾਨ ਕਿਹਾ ਕਿ “ਅਨੂਪ ਕੁਅਰ” ਦਾ ਚਰਿੱਤਰ ਗੁਰੂ ਗੋਬਿੰਦ ਸਿੰਘ ਜੀ ਦੀ ਹੱਡਬੀਤੀ ਹੈ ਜਿਸ ਵਿੱਚ “ਅਨੂਪ ਕੁਅਰ” ਨੇ ਕਿਹਾ ਸੀ ਕਿ “ਜੇ ਤੂੰ ਵੱਡਾ ਯੋਧਾ ਹੈਂ ਤਾਂ ਮੇਰੀ ਲੱਤ ਹੇਠਾਂ ਦੀ ਲੰਘ ਜਾ।” ਜੋ ਕਿ ਸਰਾਸਰ ਗੁਰੂ ਜੀ ਦੀ ਤੌਹੀਨ ਸੀ ਇਸ ਸਬੰਧੀ ਕਦੇ ਵੀ ਸਾਬਕਾ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਸਵਿੰਦਰ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਤਲਬ ਨਹੀਂ ਕੀਤਾ ਗਿਆ।
6. ਸਮੂੰਹ ਵਿਦੇਸ਼ਾਂ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਸਮੂੰਹ ਪੰਜਾਬ ਦੀ ਧਰਤੀ ਉਤੇ ਪੰਥਕ ਦਰਦ ਨੂੰ ਆਪਣੇ ਸੀਨਿਆਂ ਵਿਚ ਲੈ ਕੇ ਵਿਚਰ ਰਹੀਆਂ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਕਮੇਟੀ ਉਤੇ ਬਾਦਲ ਪ੍ਰੀਵਾਰ ਵੱਲੋਂ ਕੀਤੇ ਕਬਜ਼ੇ ਨੂੰ ਹਟਾਉਣ ਲਈ ਇਕਮੁੱਠ ਹੋ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾ

ਲੜਨ ਦੀ ਅਪੀਲ ਕੀਤੀ ਜਾਂਦੀ ਹੈ। ਸਾਰੀਆਂ ਵਿਦੇਸ਼ੀ ਸਿੱਖ ਜਥੇਬੰਦੀਆਂ ਅਤੇ ਪੰਥਖ ਸੰਸਥਾਵਾਂ ਵੱਲੋਂ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ ਜਾਵੇਗੀ।

7. ਪ੍ਰੋਫੈਸਰ ਦਰਸ਼ਨ ਸਿੰਘ ਵੱਲੋਂ ਬੰਦ ਕਮਰੇ ਦੀ ਬਜਾਇ ਗੁਰੂ ਗਰੰਥ ਸਾਹਿਬ ਅਤੇ ਗੁਰੂ ਪੰਥ ਦੇ ਸਾਹਮਣੇ ਸਪੱਸ਼ਟੀਕਰਨ ਦੇਣ ਦੇ ਫੈਸਲੇ ਦੀ ਪੁਰਜ਼ੋਰ ਸ਼ਲਾਘਾ ਕੀਤੀ ਗਈ ਅਤੇ ਵਿਦੇਸ਼ਾਂ ਦੇ ਗੁਰੂ ਘਰਾਂ ਵਿੱਚ ਉਨਾਂ ਦੇ ਕੀਰਤਨ ਸਮਾਗਮ ਕਰਵਾ ਕੇ ਸਨਮਾਨਿਤ ਕੀਤਾ ਜਾਵੇਗਾ।

8. ਪੰਜਾਬ ਦੀਆਂ ਸਮੂੰਹ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ "ਪੰਜਾਬ ਬੰਦ" ਦਾ ਨਾਅਰਾ ਲਾ ਕੇ ਆਮ ਜਨਤਾ ਨੂੰ ਤੰਗ ਪ੍ਰੇਸ਼ਾਨ ਨਾ ਕਰੀਏ ਅਤੇ ਪੰਜਾਬ ਨੂੰ ਘਾਟੇ ਵੱਲ ਨਾ ਲਿਜਾਈਏ ਸਗੋਂ ਠੋਸ ਕਦਮ ਚੁੱਕਦੇ ਹੋਏ ਬਾਦਲ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦਾ ਘੇਰਾਓ ਕਰੀਏ। ਡੇਰਾਵਾਦ ਅਤੇ ਪਾਖੰਡਵਾਦ ਤੋਂ ਸਾਵਧਾਨ ਰਹਿਣ ਦੀ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਗਈ।

ਭਾਈ ਰੇਸ਼ਮ ਸਿੰਘ ਇੰਡਆਨਾ
ਭਾਈ ਜਸਵੀਰ ਸਿੰਘ ਸਿੱਖ ਮਿਸ਼ਨਰੀ ਕਾਲਜ ਚੌਤਾ ਰੋਪੜ
ਭਾਈ ਗੁਰਚਰਨ ਸਿੰਘ ਹੈਡ ਗ੍ਰੰਥੀ ਗੁਰੂ ਤੇਗ ਬਹਾਦਰ ਸਿੱਖ ਫੌਂਡੇਸ਼ਨ ਕਨੈਕਟੀਕਟ
ਭਾਈ ਮਨਮੋਹਨ ਸਿੰਘ ਗੁਰੂਘਰ ਨਾਨਕ ਦਰਬਾਰ ਕਨੈਕਟੀਕਟ
ਭਾਈ ਇੰਦਰਜੀਤ ਸਿੰਘ ਧਾਲੀਵਾਲ ਮਿਡ ਹੱਡਸਨ ਸਿੱਖ ਕਲਚਰ ਸੋਸਾਇਟੀ ਫਿਸ਼ਕਲ ਕਨੈਕਟੀਕਟ
ਭਾਈ ਬਲਵੀਰ ਸਿੰਘ ਗੁਰੂਘਰ ਡੇਫਟਫੋਰਟ ਨਿਊਯਾਰਸੀ
ਭਾਈ ਮਨਿੰਦਰ ਸਿੰਘ ਹੱਡਸਨ ਵੈਲੀ ਸਿੱਖ ਸੋਸਾਇਟੀ ਅੱਪ ਸਟੇਟ
ਭਾਈ ਹਰਦਿਆਲ ਸਿੰਘ ਜੌਹਲ ਦਸ਼ਮੇਸ਼ ਦਰਬਾਰ ਕਾਰਟਰੇਟ ਨਿਊਯਾਰਸੀ
ਭਾਈ ਤਜਿੰਦਰ ਸਿੰਘ ਦਸ਼ਮੇਸ਼ ਦਰਬਾਰ ਕਾਰਟਰੇਟ
ਭਾਈ ਪ੍ਰਿਤਪਾਲ ਸਿੰਘ ਖਾਲਸਾ ਗਲੈਨਰੌਕ ਨਿਊਯਾਰਸੀ
ਭਾਈ ਬਰਮ ਸਿੰਘ ਨਾਨਕ ਦਰਬਾਰ ਕਨੈਕਟੀਕਟ
ਭਾਈ ਧਰਮ ਸਿੰਘ ਸਿੱਖ ਸੋਸਾਇਟੀ ਫਿਲਾਡਾਲਫੀਆ
ਭਾਈ ਸੁਖਵਿੰਦਰ ਸਿੰਘ ਗੁਰੂਘਰ ਬਲਟੀਮੋਰ
ਮਾਸਟਰ ਮਹਿੰਦਰ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ
ਭਾਈ ਪਰਮਜੀਤ ਸਿੰਘ ਬੇਗੋਵਾਲ ਗੁਰੂਘਰ ਬਾਬਾ ਮੱਖਣ ਸ਼ਾਹ ਲੁਬਾਣਾ
ਭਾਈ ਅਵਤਾਰ ਸਿੰਘ ਪੰਨੂ ਸਾਬਕਾ ਪ੍ਰਧਾਨ ਗੁਰੂਘਰ ਸਿੱਖ ਕਲਚਰ ਸੋਸਾਇਟੀ ਨਿਊਯਾਰਕ
ਭਾਈ ਟਹਿਲ ਸਿੰਘ ਪ੍ਰਧਾਨ ਗੁਰੂਘਰ ਸਿੱਖ ਕਲਚਰ ਸੋਸਾਇਟੀ ਨਿਊਯਾਰਕ
ਭਾਈ ਸਤਿਨਾਮ ਸਿੰਘ ਧਾਮੀ ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਐਸ਼ੋਇਸ਼ੇਨ
ਭਾਈ ਮੋਹਨ ਸਿੰਘ ਬੇਗੋਆਲ ਵੈਲਫੇਆਰ ਸੁਸਾਇਟੀ
ਭਾਈ ਗੁਰਮੀਤ ਸਿੰਘ ਰਾਣਾ ਸਿੱਖ ਯੂਥ ਔਫ ਅਮੇਰੀਕਾ
ਭਾਈ ਸਰਬਜੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਭਾਈ ਸੁਰਜੀਤ ਸਿੰਘ ਕੁਲ਼ਾਰ ਕਨਵੀਨਰ ਸ੍ਰੋਮਣੀ ਅਕਾਲੀ ਦਲ ਅੰਿਮੰ੍ਰਤਸਰ (ਮਾਨ)
ਭਾਈ ਕਰਨੈਲ ਸਿੰਘ ਅਮਰੀਕਨ ਸਿੱਖ ਔਰਗਨਾਜੇਸ਼ਨ
ਭਾਈ ਮਨਜੀਤ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੋਸਾਇਟੀ ਨਿਊਯਾਰਕ
ਭਾਈ ਲਖਵਿੰਦਰ ਸਿੰਘ ਸਲੇਮਪੁਰ